# ਪੰਜਾਬ ਵਿਧਾਨ ਸਭਾ

ਛੇਵਾਂ (ਬਜਟ) ਸਮਾਗਮ

ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ

## 12 ਮਾਰਚ 2024

----

ਕੁੱਲ ਪ੍ਰਸ਼ਨ - 7

----

### ਬਿਜਲੀ ਡਿਮਾਂਡ ਅਨੁਸਾਰ ਵੰਡ ਪ੍ਰਣਾਲੀ ਵਿੱਚ ਵਾਧਾ ਕਰਨਾ

343 **ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਲੋਕ ਨਿਰਮਾਣ, ਬਿਜਲੀ :-**

ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2022 ਤੋਂ ਹੁਣ ਤੱਕ ਰਾਜ ਦੀ ਬਿਜਲੀ ਡਿਮਾਂਡ ਦੇ ਪੀਕ ਪੀਰੀਅਡ ਦੌਰਾਨ ਕਿੰਨੇ ਤੇ ਕਿਹੜੇ-ਕਿਹੜੇ 'ਸਬ ਸਟੇਸ਼ਨ' under load ਤੇ ਕਿੰਨੇ over load ਸਨ, ਰਾਜ ਸਰਕਾਰ ਵੱਲੋਂ ਬਿਜਲੀ ਵੰਡ ਪ੍ਰਣਾਲੀ (Power Distribution System) ਨੂੰ ਅੱਪ-ਗ੍ਰੇਡ ਕਰਨ ਲਈ ਸਰਕਾਰ ਨੇ ਵਿੱਤੀ ਸਾਲ, 2022-23 ਅਤੇ 2023-24 ਵਿੱਚ ਹੁਣ ਤੱਕ ਕਿੰਨੀ-ਕਿੰਨੀ ਰਕਮ ਖ਼ਰਚ ਕਰਕੇ ਕੀ-ਕੀ ਕਾਰਜ ਕੀਤੇ ਹਨ;

ਅ) ਭਵਿੱਖ ਵਿੱਚ ਰਾਜ ਦੀ ਹਰ ਸਾਲ ਵੱਧ ਰਹੀ ਬਿਜਲੀ ਡਿਮਾਂਡ ਅਨੁਸਾਰ ਸਮੇਂ-ਸਮੇਂ ਤੇ ਅਡਵਾਂਸ ਵਿੱਚ ਬਿਜਲੀ ਵੰਡ ਪ੍ਰਣਾਲੀ (Power Distribution System) ਨੂੰ ਅੱਪ-ਗ੍ਰੇਡ ਕਰਦੇ ਰਹਿਣ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੀ ਕੀ ਪਾਲਿਸੀ ਹੈ?

----

### ਰਾਜ ਵਿੱਚ ਬੰਦ/ਅਧੂਰੇ ਪਏ STPs ਨੂੰ ਸ਼ੁਰੂ ਕਰਨਾ

355 **ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ :=**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਦੱਸਣਗੇ ਕਿ  ਰਾਜ ਵਿੱਚ ਬੰਦ/ਅਧੂਰੇ ਪਏ STPs ਦੀ ਗਿਣਤੀ ਕਿੰਨੀ ਹੈ ਇਹ ਕਦੋਂ ਤੇ ਕਿੰਨੇ ਪੈਸੇ ਖ਼ਰਚ ਕਰਕੇ ਉਸਾਰੇ ਗਏ ਸਨ, ਇਨ੍ਹਾਂ ਦੇ ਬੰਦ ਹੋਣ ਜਾਂ ਦੇਖਭਾਲ ਨਾ ਕਰਨ ਕਾਰਨ ਇੱਥੇ ਕੀ-ਕੀ ਨੁਕਸਾਨ ਹੋਇਆ ਹੈ, ਇਨ੍ਹਾਂ STPs ਨੂੰ ਸਮੇਂ ਸਿਰ ਸ਼ੁਰੂ ਨਾ ਕਰਨ ਦੇ ਕੀ ਕਾਰਨ ਹਨ ਅਤੇ ਇਹ STPs ਕਦੋਂ ਤੱਕ ਕੰਮ ਕਰਨਾ ਸ਼ੁਰੂ ਕਰ ਦੇਣਗੇ; ਜ਼ਿਲ੍ਹੇਵਾਰ ਵੇਰਵੇ ਸਹਿਤ ਦੱਸਿਆ ਜਾਵੇ?

----

## ਸਰਕਾਰ ਵੱਲੋਂ ਪ੍ਰੋਜੈਕਟਾਂ ਨੂੰ ਨਿਰਧਾਰਤ ਸਮੇਂ ਅੰਦਰ ਪੂਰਾ ਕਰਨ ਬਾਰੇ ਕੀਤੀ ਗਈ ਕਾਰਵਾਈ ਦੇ ਵੇਰਵੇ

**357 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਲੋਕ ਨਿਰਮਾਣ, ਬਿਜਲੀ :=**

ਕੀ ਲੋਕ ਨਿਰਮਾਣ (ਭ ਅਤੇਂ ਮ) ਮੰਤਰੀ ਕਿਰਪਾ ਦੱਸਣਗੇ ਕਿ ਲੋਕ ਨਿਰਮਾਣ ਵਿਭਾਗ ਦੇ ਵਿੱਤੀ ਸਾਲ, 2017—18 ਤੋਂ ਹੁਣ ਤੱਕ ਅਜਿਹੇ ਕਿੰਨੇ ਪ੍ਰੋਜੈਕਟ/ਕੰਮ ਹਨ ਜੋ ਨਿਰਧਾਰਤ ਸਮੇਂ ਤੇ ਪੂਰੇ ਨਹੀਂ ਹੋ ਸਕੇ, ਅਜਿਹੇ ਅਧੂਰੇ ਪ੍ਰੋਜੈਕਟਾਂ ਦੇ ਨਿਰਧਾਰਤ ਸਮੇਂ ਅੰਦਰ ਮੁਕੰਮਲ ਨਾ ਹੋਣ ਦੇ ਕੀ ਕਾਰਨ ਹਨ ਅਤੇ ਅੱਗੇ ਤੋਂ ਪ੍ਰੋਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ ਲਈ ਕੀ ਸਰਕਾਰ ਵੱਲੋਂ ਕਿਸੇ ਦੀ ਜਿੰਮੇਵਾਰੀ fix ਕੀਤੀ ਗਈ ਹੈ ਅਤੇ ਇਸ ਸਬੰਧੀ ਸਰਕਾਰ ਵੱਲੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਸਰਕਾਰ ਵੱਲੋਂ ਸੂਬੇ ਦੇ ਕਿਸਾਨਾਂ ਨੂੰ ਆਤਮ-ਨਿਰਭਰ ਅਤੇ ਸਸ਼ਕਤ ਬਣਾਉਣ ਲਈ ਕੀਤੀ ਗਈ ਕਾਰਵਾਈ ਦੇ ਵੇਰਵੇ

**360 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :=**

ਕੀ ਖੇਤੀਬਾੜੀ ਮੰਤਰੀ ਕਿਰਪਾ ਦੱਸਣਗੇ ਕਿ ਸੂਬੇ ਦੇ ਕਿਸਾਨਾਂ ਨੂੰ ਆਤਮ-ਨਿਰਭਰ, ਸਸ਼ਕਤ ਅਤੇ ਦੇਸ਼ ਦੇ ਨਾਲ-ਨਾਲ ਦੁਨੀਆਂ ਦੇ ਬਜ਼ਾਰਾਂ ਵਿੱਚ ਖੇਤੀ ਉਤਪਾਦ ਸਪਲਾਈ ਕਰਨ ਦੇ ਸਮਰੱਥ ਬਣਾਉਣ ਲਈ ਰਾਜ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਹਲਕਾ ਖਡੂਰ ਸਾਹਿਬ ਵਿੱਚ ਜਾਰੀ ਕੀਤੇ ਫੂਡ ਸੇਫਟੀ ਲਾਇਸੰਸਾਂ ਦੇ ਵੇਰਵੇ

**397 ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-:

**ੳ**) ਹਲਕਾ ਖਡੂਰ ਸਾਹਿਬ ਵਿੱਚ ਕੁੱਲ ਕਿੰਨੇ ਫੂਡ ਸੇਫਟੀ ਦੇ ਲਾਇਸੰਸ ਜਾਰੀ ਕੀਤੇ ਗਏ ਹਨ;
**ਅ**) ਇਨ੍ਹਾਂ ਲਇਸੰਸਾਂ ਨੂੰ ਅਪਲਾਈ/ਰਿਨਿਊ ਕਰਨ ਦੀ ਪ੍ਰਕ੍ਰਿਆ ਕੀ ਹੈ ਅਤੇ ਇਨ੍ਹਾਂ ਦੀ ਸਰਕਾਰੀ ਫੀਸ ਕਿੰਨੀ ਹੈ,

ਇਹ ਕਿੰਨੇ ਸਮੇਂ ਲਈ ਵੈਲਿਡ ਹੁੰਦਾ ਹੈ ਅਤੇ ਇਸ ਨੂੰ ਜਾਰੀ ਕਰਨ ਲਈ ਸਮਰੱਥ ਅਥਾਰਟੀ ਕੌਣ ਹੈ;

**ੲ**) ਕਿੰਨਾ ਅਦਾਰਿਆ ਵੱਲੋਂ ਫੂਡ ਸੈਫਟੀ ਦਾ ਲਾਇਸੰਸ ਲੈਣਾ ਲਾਜ਼ਮੀ ਹੁੰਦਾ ਹੈ ਅਤੇ ਜੇਕਰ ਅਜਿਹੇ ਅਦਾਰੇ ਫੂਡ ਸੇਫਟੀ ਦਾ ਲਾਇਸੰਸ ਨਹੀਂ ਲੈਂਦੇ ਤਾਂ ਲਾਇਸੰਸ ਨਾ ਲੈਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਕੀ ਜੁਰਮਾਨਾ/ਸਜਾ ਕੀਤੀ ਜਾ ਸਕਦੀ ਹੈ;

**ਸ**) ਹਲਕਾ ਖਡੂਰ ਸਾਹਿਬ ਦੇ ਅਜਿਹੇ ਕਿੰਨੇ ਫੂਡ ਸੇਫਟੀ ਦੇ ਲਾਇਸੰਸ ਹਨ, ਜਿਨ੍ਹਾਂ ਦੀ ਮਿਆਦ ਮਿਤੀ 30-05-2024 ਨੂੰ ਖਤਮ ਹੋ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਹਲਕਾ ਖਡੂਰ ਸਾਹਿਬ ਦੇ ਪਿੰਡਾਂ ਦੀਆਂ ਪੈਂਡਿੰਗ ਇੰਤਕਾਲਾਂ ਦੇ ਵੇਰਵੇ

**398 ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ :-**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਇੰਤਕਾਲ ਚੜ੍ਹਾਉਣ ਦਾ ਸਮਾਂ ਕਿੰਨੇ ਦਿਨਾਂ ਦਾ ਹੁੰਦਾ ਹੈ ਅਤੇ ਜੇਕਰ ਉਚਿਤ ਸਮੇਂ ਦੌਰਾਨ ਕਰਮਚਾਰੀ/ਅਧਿਕਾਰੀ ਵੱਲੋ ਇੰਤਕਾਲ ਨਹੀਂ ਚੜ੍ਹਾਇਆ ਜਾਂਦਾ ਤਾਂ ਉਸ ਵਿਰੁੱਧ ਕੀ ਕਾਰਵਾਈ ਹੋ ਸਕਦੀ ਹੈ;

**ਅ**) ਇਸ ਦੀ ਸਰਕਾਰੀ ਫੀਸ ਕਿੰਨੀ ਹੈ ਅਤੇ ਇਹ ਫੀਸ ਸੇਵਾ ਕੇਂਦਰ/ਤਹਿਸੀਲ ਦਫਤਰ ਜਾਂ ਕਿਸ ਦਫਤਰ ਦੇ ਪੱਧਰ ਤੇ ਕਿਸ ਅਧਿਕਾਰੀ/ਕਰਮਚਾਰੀ ਨੂੰ ਜਮ੍ਹਾਂ ਕਰਵਾਈ ਜਾਣੀ ਹੁੰਦੀ ਹੈ;

**ੲ**) ਹਲਕਾ ਖਡੂਰ ਸਾਹਿਬ ਨਾਲ ਸਬੰਧਤ ਪਿੰਡਾਂ ਦੇ ਕਿੰਨੇ ਇੰਤਕਾਲ,ਕਿੰਨੇ ਸਮੇਂ ਤੋਂ ਕਿਸ ਅਧਿਕਾਰੀ/ਕਰਮਚਾਰੀ ਪਾਸ ਪੈਂਡਿੰਗ ਪਏ ਹੋਏ ਹਨ ਅਤੇ ਜਿਸ ਅਧਿਕਾਰੀ/ਕਰਮਚਾਰੀ ਪਾਸ ਪੈਡਿੰਗ ਪਏ ਹਨ , ਉਸ ਦਾ ਕੀ ਕਾਰਨ ਹੈ ਅਤੇ ਉਸ ਤੇ ਕੀ ਕਾਰਵਾਈ ਕੀਤੀ ਗਈ ਹੈ;

**ਸ**) ਜੋ ਇੰਤਕਾਲ ਪੈਂਡਿੰਗ ਰਹਿ ਗਏ ਹਨ, ਕਿੰਨੇ ਸਮੇਂ ਵਿੱਚ ਕਰ ਦਿੱਤੇ ਜਾਣਗੇ; ਵੇਰਵੇ ਸਹਿਤ ਦੱਸਿਆ ਜਾਵੇ?

----

## ਮਗਨਰੇਗਾ ਕਨੂੰਨ ਤਹਿਤ ਪੰਜਾਬ ਚ ਦੂਜੇ ਰਾਜਾਂ ਤੋਂ ਆਈ ਲੇਬਰ ਤੋਂ ਕੰਮ ਲੈਣਾ

**405 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ :=** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਗਨਰੇਗਾ ਕਨੂੰਨ ਤਹਿਤ ਪੰਜਾਬ ਚ ਦੂਜੇ ਰਾਜਾਂ ਤੋਂ ਆਈ ਲੇਬਰ, ਜਿਨ੍ਹਾਂ ਦੇ ਅਧਾਰ ਕਾਰਡ/ਵੋਟਰ ਕਾਰਡ ਦੂਜੇ ਰਾਜਾਂ ਦੇ ਹਨ, ਕੀ ਉਹ ਪੰਜਾਬ ਵਿੱਚ ਕੰਮ ਕਰ ਸਕਦੀ ਹੈ; ਜੇਕਰ ਹਾਂ ਤਾਂ ਕਿਸ ਸਥਿਤੀ ਵਿੱਚ; ਵੇਰਵੇ ਸਹਿਤ ਦੱਸਿਆ ਜਾਵੇ?

----

**ਚੰਡੀਗੜ੍ਹ, 160001.** — **ਰਾਮ ਲੋਕ ਖਟਾਣਾ,**

**ਸੋਮਵਾਰ 11 ਮਾਰਚ, 2024.** — **ਸਕੱਤਰ**